# ਇੱਕ ਕਲਾਕਾਰ : ਆਪਣੇ ਵਿਰਸੇ ਦਾ ਵਾਰਸ

ਬਣਾਇਆ ਨਾ ਬਣੇ ਕਦੇ, ਕੋਈ ਕਲਾਕਾਰ,
ਇਹ ਤਾਂ ਮਾਵਾਂ ਦੀਆਂ, ਕੁੱਖਾਂ ਵਿੱਚੋਂ ਜੰਮਦੇ ਨੇ, ਹੋ ਕੇ ਫਨਕਾਰ ।

ਦੁਨੀਆਂ ਦਾ ਹਰ ਪੇਸ਼ਾ, ਹਰ ਪ੍ਰੋਫੈਸ਼ਨ ਪੜ੍ਹ ਕੇ, ਸਿੱਖ ਕੇ ਮਿਲੇਗਾ ਪਰ ਇੱਕ ਕਲਾਕਾਰ ਹੋ ਗੁਜ਼ਰਨਾ ਦਾਤੇ ਦੀ ਸਿੱਧੀ ਦਾਤ ਹੈ ।

ਸਾਡਾ ਅੱਜ ਦਾ ਕਲਾਕਾਰ ਮੇਰੀਆਂ ਨਜ਼ਰਾਂ ਵਿੱਚ ਉਸੇ ਸਥਾਨ ਦਾ ਹੱਕਦਾਰ ਹੈ ਜਿਸਦੇ ਅੱਜ ਦੇ ਹੱਕਦਾਰ ਸੱਜਰੀ ਚੜ੍ਹਤ ਤੇ ਸੱਜਰੇ ਪਿਆਰਾਂ ਵਾਲੇ ਸਤਿੰਦਰ ਸਿਰਤਾਜ ਅਤੇ ਦਲਜੀਤ ਦੁਸਾਂਝ ਹਨ । ਰੱਬ ਇਨ੍ਹਾਂ ਸਾਰਿਆਂ ਨੂੰ ਕਲਾਕਾਰੀ ਫਨਕਾਰੀ ਦੀ ਦਾਤ ਨਾਲ ਹਰਿਆ ਭਰਿਆ ਰੱਖੇ ।




ਸਾਡਾ ਆਪਣਾ, ਸਾਡੇ ਮਲੇਸ਼ੀਆ ਦਾ ਬੱਚਾ ਜੋ ਅੱਜ ਲੰਡਨ ਵਿੱਚ ਰਹਿ ਰਿਹਾ ਹੈ ਪੇਰਾਕ ਦੀ ਰਿਆਸਤ ਦੇ ਇੱਕ ਨਿੱਕੇ ਜਿਹੇ ਕਸਬੇ ਤੰਜੌਂਗ ਤੰਬੂਤਨ ਵਿੱਚ ਵੱਸਦੇ ਮਾਪਿਆਂ ਦੀ ਦੂਜੀ ਸੰਤਾਨ ਹੈ । 'ਸੂਲਾਂ




ਜੰਮਦੀਆਂ ਦੇ ਤਿੱਖੇ ਮੂੰਹ ਹੁੰਦੇ, ਕਦੋਂ ਟਿਕ ਉਡਾਰਨਾ ਬਹਿੰਦੀਆਂ ਨੇ" ਦੇ ਲਿਹਾਜ਼ ਨਾਲ ਸਕੂਲੀ ਵਿੱਦਿਆ ਦੇ ਨਾਲ ਨਾਲ ਗਿਆਨੀ ਟਹਿਲ ਸਿੰਘ ਜੀ ਤੋਂ ਪੰਜਾਬੀ, ਹੋਰ ਗੁਰਦੁਆਰਿਆਂ ਤੋਂ ਤਬਲਾ, ਤਾਇਕੁਆਂਨਡੋ ਦੀ ਬਲੈਕ ਬੈਲਟ ਅਤੇ ਹੋਰ ਪਤਾ ਨਹੀਂ ਕੀ ਕੀ ਸਿੱਖਦੇ, ਹਰ ਵਕਤ ਟੀਸੀ ਦੇ ਨਤੀਜੇ ਪ੍ਰਾਪਤ ਕਰਦੇ ਆਇਰਲੈਂਡ ਤੋਂ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕਰ ਆਏ । ਉਸੇ ਸਮੇਂ ਵਿੱਚ ਕਿਤਾਬਾਂ, ਲਿਖਣ, ਕਵਿਤਾਵਾਂ ਉਚਾਰਣ ਅਤੇ ਹੋਰ ਪਤਾ ਨਹੀਂ ਕੀ ਕੀ ਕਰ ਕੇ ਹਰ ਵਾਰ ਮਾਂ ਬਾਪ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਰਹੇ । ਰਜਿੰਦਰ ਸਿੰਘ ਇੱਕ ਕਲਾਕਾਰ ਜਿਸ ਨੂੰ ਦੁਨੀਆਂ ਦੀ ਸ਼ੁਹਰਤ ਪ੍ਰਾਪਤ ਹੋਈ ਪਰ ਅਸੀਂ ਉਸ ਨੂੰ ਨਹੀਂ ਜਾਣੇ । ੭ ਅਗਸਤ ਨੂੰ "ਸੈਫਰੌਨ ਸਰੰਡਰ' ਨਾਮ ਰੱਖ ਇੱਕ ਚਿੱਤਰਕਾਰੀ ਦਾ ਅਜੂਬਾ ਲੈ ਕੇ ਪਰਤਿਆ ਜਿਸ ਵਿੱਚ ੧੩ ਤਸਵੀਰਾਂ ਦੇ ਨਾਲ ਨਾਲ ਕੁਝ ਬੁੱਤਘਾੜੀ ਅਤੇ ਇੱਕ ਕਵਿਤਾ ਦੀ ਕਿਤਾਬ "ਪੇਲ ਈਨ ਸੈਂਫਰੌਨ" ਸ਼ਾਮਲ ਹੈ ।

ਸਾਰੀਆਂ ਤਸਵੀਰਾਂ ਬ੍ਰਿਟਿਸ ਰਾਜ ਵਿੱਚ ਹੋ ਗੁਜ਼ਰੀ ਸਿੱਖ ਜਗਤ ਦੀ ਇੱਕ ਤਸਵੀਰ ਹੈ । ਸਿੱਖ ਰਾਜ ਦੀਆਂ ਸ਼ਾਮਾਂ ਦੀ ਕਹਾਣੀ ਹੈ। ਇਤਿਹਾਸ ਨੂੰ ਚਿਤਰਣ ਵੇਲੇ ਜੋ ਦਰਦ ਇਸ ਕਲਾਕਾਰ ਨੇ ਹੰਢਾਇਆ ਉਹ ਸਦੀਆਂ ਦੇ ਹੋ ਗੁਜ਼ਰੇ ਅਨਿਆ, ਜ਼ਬਤ, ਹਠ ਅਤੇ ਸੂਰਮਗਤੀ ਦੀ ਜ਼ਿੰਦਾ ਤਸਵੀਰ ਹੈ ਜੋ ਸਿਰਫ ਵੇਖਣ ਨਾਲ ਹੀ ਸਬੰਧ ਰੱਖਦੀ ਹੈ ।

ਕਾਵਿ ਸੰਗ੍ਰਹਿ :

'ਪੇਲ ਈਨ ਸੈਫਰੌਨ', (ਹਰ ਸਿੱਖ ਪੜ੍ਹੇ) ਜਿਸ ਨੂੰ ਸ਼ਾਇਦ ਮੈਂ "ਸਰ੍ਹੋਂ ਫੁੱਲ" ਕਹਿ ਸਕਾਂ ਇਸ ਇਨਸਾਨ ਦੀ ਭਾਵਕਤਾ, ਪਿਆਰ, ਲਗਨ ਅਤੇ ਸਬੰਧਾਂ ਦੀ ਹੋਂਦ ਨਾਲ ਬਿਆਨ ਕੀਤੀ ਇੱਕ ਸੱਚੀ ਤਸਵੀਰ ਹੈ । ਮਲੇਸ਼ੀਆ ਵਿੱਚ ਸਿੱਖਾਂ ਦੀ ਰੋਜ਼ਾਨਾ ਜ਼ਿੰਦਗੀ, ਸਿੱਖਾਂ ਦੀ ਰੋਜ਼ੀ ਅਤੇ ਸਿੱਖਿਆ ਨਾਲ ਹੋਈਆਂ ਜ਼ਿਆਦਤੀਆਂ ਦਾ ਵੀ ਜ਼ਿਕਰ ਹੈ ।

ਆਪਣੇ ਪਿਤਾ ਬਾਰੇ, ਆਪਣੇ ਬਚਪਨ ਬਾਰੇ, ਮਲੇਸ਼ੀਆ ਦੇ ਇਤਿਹਾਸ ਵਿੱਚੋਂ ਆਪਣੇ ਮਾਮਾ ਜੀ ਬਾਰੇ ਜਿਨ੍ਹਾਂ ਨੂੰ ੧੭ ਸਾਲ ਦੀ ਉਮਰ ਵਿੱਚ ਜ਼ਪਾਨੀ ਚੁੱਕ ਕੇ ਲੈ ਗਏ ਸਨ । ਸਾਡੀਆਂ ਰਿਵਾਇਤਾ ਵਿੱਚੋਂ ਝਟਕੇ ਬਾਰੇ, ਪੱਗ ਦੇ ਲੜ੍ਹਾਂ ਬਾਰੇ ਲਿਖਿਆ । ਇੱਕ ਕਵਿਤਾ ਜੋ ਸੇਵਾਦਾਰ ਦੇ ਨਾਂ ਹੇਠ ਲਿਖੀ ਹੈ ਨੇ ਸੇਵਾ ਨੂੰ ਇੱਕ ਉਹ ਰੂਪ ਦੇ ਦਿੱਤਾ ਹੈ ਜੋ ਕਿ ਅਸੀਂ ਸੇਵਾਦਾਰ ਬਣ ਕੇ ਵੀ ਉਸ ਦਾ ਅਹਿਸਾਸ ਨਾ ਕਰ ਸਕੇ ਹੋਈਏ । ਆਪਣੀਆਂ ਭਾਵਨਾਵਾਂ ਨੂੰ ਕੌਮ ਦੇ ਲੇਖੇ ਲਾ ਦੇਣਾ ਅਤੇ ਪੜ੍ਹਨ ਵਾਲੇ ਦੇ ਮਨ ਵੱਸ ਜਾਣਾ ! ਕੀ ਇਹ ਸੇਵਾਦਾਰ ਦੀ ਸੇਵਾ ਹੈ ?



ਇਹ 'ਕੈਰੀ' ਟਾਪੂ ਤੇ ਛੁੱਟੀ ਵਾਸਤੇ ਗਏ ਸਨ ਜਦ ਅਚਾਨਕ ਮਾਂ ਦਾ ਦੇਹਾਂਤ ਹੋਇਆ । ਸਾਰੀਆਂ ਭਾਵਨਾਵਾਂ ਦੇ ਅਖੀਰ ਤੇ ਕਹਿੰਦੇ ਨੇ ਕਿ "ਇਹ ਯਾਦ ਤਾਂ ਪਿੱਛਾ ਛੱਡੇ ਨਾ, ਮੈਂ ਕਿੱਥੇ ਲੁਕ ਲੁਕ ਬੈਠਾਂ" ।

ਮੈਨੂੰ ਜਾਪਦਾ ਹੈ ਕਿ ਇਸ ਵਾਰ ਦੀ ਇਹ ਚਿੱਤਰਕਾਰੀ ਦੀ ਨੁਮਾਇਆ ਰਾਜਿੰਦਰ ਵੱਲੋਂ ਇੱਕ ਸ਼ਰਧਾਂਜ਼ਲੀ ਹੈ ਆਪਣੇ ਬਾਪ ਦੇ ਨਾਂ, ਆਪਣੀ ਜਨਮਦਾਤੀ ਦੇ ਨਾਂ ਤੇ ਉਸ ਤੋਂ ਵੀ ਵੱਧਕੇ ਆਪਣੀ ਹੋਂਦ ਦੇ ਉਸ ਹਰ ਜ਼ੱਰੇ ਦੇ ਨਾਂ ਜੋ ਸਿੱਖ ਇਤਿਹਾਸ ਦੇ ਹਰ ਪੰਨੇ ਵਿੱਚੋਂ ਸ਼ੁਹਿਰਦ ਮਨ ਨੂੰ ਉੱਛਲ ਉੱਛਲ ਕੇ ਮਿਲਦਾ ਹੈ । -- ਰਾਜ ਤ੍ਰਿਪਤਾ ਦੀ ਕਲਮ ਤੋਂ

Printed & Published By Malaya Samachar Press Sdn. Bhd., 2nd Floor, Wisma Tatt Khalsa, 24 Jalan Raja Alang, 50300 Kuala Lumpur Malaysia. Tel : 03-26930735 Email : malayasamachar@gmail.com